ਅਤਿ-ਜਰੂਰੀ

ਪੰਜਾਬ ਸਰਕਾਰ
ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ
(ਇਮਾਰਤਾਂ ਤੇ ਸੜਕਾਂ-2 ਸ਼ਾਖਾ)

ਸੇਵਾ ਵਿਖੇ,

ਮੁਖੀ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ,
ਜਲ ਸਪਲਾਈ ਭਵਨ, ਫੇਸ-2,
ਐਸ.ਏ.ਐਸ.ਨਗਰ (ਮੋਹਾਲੀ)।

ਮੀਮੋ ਨੰ: 1/13/2018-6ਇਸ2/505
ਮਿਤੀ, ਚੰਡੀਗੜ੍ਹ, 14/6/18

ਵਿਸ਼ਾ:- ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਫਾਈਨਲ ਤਬਾਦਲਾ ਨੀਤੀ ਤਿਆਰ ਕਰਨ ਸਬੰਧੀ।

---

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 1/13/2018-3ਇਸ2/1205905/1-4 ਮਿਤੀ 10-4-2018 ਦੇ ਹਵਾਲੇ ਵਿੱਚ।

2. ਸਰਕਾਰ ਵਲੋਂ ਹਵਾਲਾ ਅਧੀਨ ਪੱਤਰ ਰਾਹੀਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਡਰਾਫਟ ਤਬਾਦਲਾ ਨੀਤੀ ਦਾ ਖਰੜਾ ਵਿਭਾਗ ਦੀ ਵੈਬਸਾਈਟ www.pdwss.gov.in ਤੇ ਅਪਲੋਡ ਕਰਦੇ ਹੋਏ ਇਸ ਡਰਾਫਟ ਨੀਤੀ ਸਬੰਧੀ ਅਧਿਕਾਰੀਆਂ/ਕਰਮਚਾਰੀਆਂ ਦੇ ਇਤਰਾਜ਼/ਸੁਝਾਅ ਮੰਗੇ ਗਏ ਸਨ। ਵੱਖ ਵੱਖ ਅਧਿਕਾਰੀਆਂ/ ਐਸੋਸੀਏਸ਼ਨਾਂ ਵਲੋਂ ਪ੍ਰਾਪਤ ਹੋਏ ਇਤਰਾਜ਼ਾਂ/ਸੁਝਾਵਾਂ ਨੂੰ ਸਮਰੱਥ ਅਥਾਰਟੀ ਵਲੋਂ ਵਿਚਾਰਨ ਉਪਰੰਤ ਵਿਭਾਗ ਦੀ ਫਾਈਨਲ ਤਬਾਦਲਾ ਨੀਤੀ ਦਾ ਖਰੜਾ ਪ੍ਰਸੋਨਲ ਵਿਭਾਗ ਦੀ ਪੂਰਵ ਪ੍ਰਵਾਨਗੀ ਉਪਰੰਤ ਤਿਆਰ ਕੀਤਾ ਗਿਆ ਹੈ।

3. ਤਬਾਦਲਾ ਨੀਤੀ ਅਨੁਸਾਰ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀ ਸਟੇਅ ਨਿਰਧਾਰਤ ਸਮੇਂ ਤੋਂ ਵੱਧ ਹੋ ਚੁੱਕੀ ਹੈ ਉਨ੍ਹਾਂ ਦੀਆਂ ਬਦਲੀਆਂ ਮਿਤੀ 02-07-2018 ਤੱਕ ਕੀਤੀਆਂ ਜਾਣੀਆਂ ਹਨ। ਪਾਲਿਸੀ ਅਨੁਸਾਰ ਅਧਿਕਾਰੀ/ਕਰਮਚਾਰੀ ਬਦਲੀ ਲਈ ਆਪਣੀ ਆਪਸ਼ਨ ਵਿਭਾਗ ਦੀ ਵੈਬਸਾਈਟ www.sbmpunjab.com ਤੇ ਮਿਤੀ 25-06-2018 ਤੱਕ ਦੇਣਗੇ। ਨਿਰਧਾਰਤ ਸਮੇਂ ਤੋਂ ਬਾਅਦ ਅਤੇ ਬਿਨ੍ਹਾਂ ਵੈੱਬਸਾਈਟ ਤੋਂ ਪ੍ਰਾਪਤ ਹੋਈਆਂ ਪ੍ਰਤੀਬੇਨਤੀਆਂ ਨੂੰ ਵਿਚਾਰਿਆ ਨਹੀਂ ਜਾਵੇਗਾ।

3. ਵਿਭਾਗ ਦੀ ਅੰਤਿਮ ਤਬਾਦਲਾ ਨੀਤੀ ਦਾ ਖਰੜਾ ਆਪ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸਨੂੰ ਵਿਭਾਗ ਦੀ ਵੈਬਸਾਈਟ www.pdwss.gov.in ਤੇ ਤੁਰੰਤ ਅਪਲੋਡ ਕਰਵਾਉਣ ਸਬੰਧੀ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਸਬੰਧਤ ਅਧਿਕਾਰੀਆਂ ਨੂੰ ਇਸ ਅਨੁਸਾਰ ਤੁਰੰਤ ਲੋੜੀਂਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਜਾਵੇ ਜੀ।

4. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਸੁਪਰਡੰਟ

ਪਿ:ਅੰ:ਨੰ:1/13/2018-6ਇਸ2/506-508 ਮਿਤੀ, ਚੰਡੀਗੜ੍ਹ, 14/6/18

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ (ਉੱਤਰ, ਦੱਖਣ, ਸੈਂਟਰਲ), ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਪਟਿਆਲਾ।
2) ਸਮੂਹ ਨਿਗਰਾਨ ਇੰਜੀਨੀਅਰ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ।
3) ਕਾਰਜਕਾਰੀ ਇੰਜੀਨੀਅਰ, ਐਮ.ਆਈ.ਐਸ., ਦਫ਼ਤਰ ਐਚ.ਓ.ਡੀ. ਮੋਹਾਲੀ।

ਸੁਪਰਡੰਟ

ਪੰਜਾਬ ਸਰਕਾਰ
ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ
(ਇਮਾਰਤਾਂ ਅਤੇ ਸੜਕਾਂ-2 ਸ਼ਾਖਾ)

# ਤਬਾਦਲਾ ਨੀਤੀ 2018

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ (ਡੀ.ਡਬਲਿਊ.ਐਸ.ਐਸ) ਰਾਜ ਦੇ ਪੇਂਡੂ ਖੇਤਰਾਂ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਸਹੂਲਤਾਂ ਪ੍ਰਦਾਨ ਕਰਨ ਤੋਂ ਇਲਾਵਾ ਰਾਜ ਦੀਆਂ ਸਰਕਾਰੀ ਇਮਾਰਤਾਂ/ਸੰਸਥਾਨਾਂ ਵਿੱਚ ਜਲ ਸਪਲਾਈ, ਸੈਨੀਟੇਸ਼ਨ, ਏਅਰ ਕੰਡੀਸ਼ਨਿੰਗ, ਅੱਗ ਬੁਝਾਉਣ ਆਦਿ ਸਹੂਲਤਾ ਪ੍ਰਦਾਨ ਕਰਦਾ ਹੈ।

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਸਾਲ 2015 ਵਿੱਚ ਪੂਰੀ ਤਰ੍ਹਾਂ ਇਕ ਇੰਜੀਨੀਅਰਿੰਗ ਸੰਗਠਨ ਤੋਂ ਸਹੂਲਤਾਂ ਪ੍ਰਦਾਨ ਕਰਨ ਵਾਲੀ ਸੰਸਥਾ ਵਜੋਂ ਪੁਨਰਗਠਿਤ ਕੀਤਾ ਗਿਆ ਹੈ। ਪੁਨਰਗਠਨ ਤੋਂ ਬਾਅਦ ਵਿਭਾਗ ਦਾ ਦਾਇਰਾ ਇੰਜੀਨੀਅਰਿੰਗ ਕੰਨਸਟਰੱਕਸ਼ਨ ਦੇ ਨਾਲ-ਨਾਲ ਆਪਣੇ ਖਪਤਕਾਰਾਂ ਨੂੰ ਟਿਕਾਊ ਸਹੂਲਤਾਂ ਦੇਣ ਵਾਲਾ ਬਣ ਗਿਆ ਹੈ। ਆਪਣੇ ਖਪਤਕਾਰਾਂ ਨੂੰ ਉੱਚ ਪੱਧਰ ਦੀ ਸੇਵਾ ਪ੍ਰਦਾਨ ਕਰਨ ਲਈ ਅਤੇ ਇਹ ਸੁਨਿਸ਼ਚਿਤ ਕਰਨ ਲਈ ਕਿ ਜਲ ਸਪਲਾਈ ਸਕੀਮਾਂ ਨੂੰ ਨਿਰੰਤਰ ਚਲਦਾ ਰੱਖਿਆ ਜਾਵੇ, ਵਿਭਾਗ ਦੇ ਮਨੁੱਖੀ ਵਸੀਲੀਆਂ ਦੀ ਬਿਹਤਰ ਵਰਤੋਂ ਕਰਨ ਦੀ ਜਰੂਰਤ ਹੈ।

## 1. ਉਦੇਸ਼

1.1 ਸਰਕਾਰੀ ਸੰਸਥਾਵਾਂ/ਦਫ਼ਤਰਾਂ ਵਿੱਚ ਜਲ ਸਪਲਾਈ, ਸੈਨੀਟੇਸ਼ਨ, ਪਲੰਬਿੰਗ ਸੇਵਾਵਾਂ ਅਤੇ ਪੇਂਡੂ ਖੇਤਰਾਂ ਵਿੱਚ ਜਨਤਾ ਲਈ ਵਿਸ਼ੇਸ਼ ਸਹੂਲਤਾ ਪ੍ਰਦਾਨ ਕਰਨ ਲਈ ਉੱਚ ਪੱਧਰ ਦੀ ਸੇਵਾ ਸੁਨਿਸ਼ਚਿਤ ਕਰਨ ਲਈ ਇਹ ਸੁਨਿਸ਼ਚਿਤ ਕਰਨਾ ਕਿ ਵਿਭਾਗ ਦੇ ਅਧਿਕਾਰੀਆਂ ਦੀ ਵੰਡ ਨਿਆਂਪੂਰਨ ਅਤੇ ਪ੍ਰਬੰਧਕੀ ਲੋੜਾਂ ਤੇ ਅਧਾਰਿਤ ਹੋਵੇ।

1.2. ਅਧਿਕਾਰੀਆਂ/ਕਰਮਚਾਰੀਆਂ ਵਿੱਚ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੌਕਰੀ ਦੀ ਤਸੱਲੀ ਨੂੰ ਅਨੁਕੂਲ ਬਣਾਉਣਾ।

1.3. ਸਰਹੱਦੀ ਖੇਤਰਾਂ ਖਾਸ ਤੌਰ ਤੇ ਗੁਰਦਾਸਪੁਰ, ਪਠਾਨਕੋਟ, ਤਰਨਤਾਰਨ, ਫਿਰੋਜ਼ਪੁਰ, ਫਾਜ਼ਿਲਕਾ, ਮਾਨਸਾ ਅਤੇ ਸ਼੍ਰੀ ਮੁਕਤਸਰ ਸਾਹਿਬ ਜਿਲ੍ਹਿਆਂ ਵਿੱਚ ਮਨੁੱਖੀ ਵਸੀਲਿਆਂ ਦੀ ਤੈਨਾਤੀ ਸੁਨਿਸ਼ਚਿਤ ਕਰਨਾ ਕਿਉਂ ਕਿ ਇਨ੍ਹਾਂ ਖੇਤਰਾਂ ਵਿੱਚ ਸਟਾਫ ਦੀ ਗੰਭੀਰ ਘਾਟ ਕਾਰਨ ਸਹੂਲਤਾਂ ਪ੍ਰਦਾਨ ਕਰਨ ਵਿੱਚ ਔਕੜਾਂ ਪੇਸ਼ ਆ ਰਹੀਆਂ ਹਨ।

## 2.0 ਦਾਇਰਾ:-

ਇਹ ਪਾਲਿਸੀ ਵਿਭਾਗ ਦੇ ਸਾਰੇ ਗਰੁੱਪ ਏ, ਬੀ ਅਤੇ ਸੀ ਵਰਗ ਦੇ ਅਧਿਕਾਰੀਆਂ/ਕਰਮਚਾਰੀਆਂ ਤੇ ਜਦੋਂ ਤੱਕ ਇਸ ਨੂੰ ਸੋਧਿਆ ਨਹੀਂ ਜਾਂਦਾ, ਮਿਤੀ 01-06-2018 ਤੋਂ ਲਾਗੂ ਹੋਵੇਗੀ।

## 3.0 ਸਮਾਂ ਸਾਰਣੀ

ਆਮ ਬਦਲੀਆਂ ਸਾਲ ਵਿੱਚ ਇਕ ਵਾਰ ਆਮ ਤੌਰ ਤੇ ਮਈ-ਜੂਨ ਦੇ ਮਹੀਨਿਆਂ ਵਿੱਚ ਜਾਂ ਪੰਜਾਬ ਸਰਕਾਰ ਦੀ ਤਬਾਦਲਾ ਨੀਤੀ ਜੋ ਕਿ ਰਾਜ ਦੇ ਸਾਰੇ ਸਰਕਾਰੀ ਵਿਭਾਗਾਂ ਤੇ ਲਾਗੂ ਹੋਵੇਗੀ, ਅਨੁਸਾਰ ਕੀਤੀਆਂ ਜਾਣਗੀਆਂ।

## 4.0 ਕਾਰਜ ਖੇਤਰ

ਸਮੁੱਚੇ ਪੰਜਾਬ ਰਾਜ ਨੂੰ ਵਿਭਾਗ ਦੇ ਕਾਰਜਭਾਰ ਅਤੇ ਸਟਾਫ ਦੀ ਲੋਕਪ੍ਰੀਅਤਾ ਦੇ ਅਧਾਰ ਤੇ 3 ਖੇਤਰਾਂ ਵਿੱਚ ਵੰਡਿਆ ਗਿਆ ਹੈ। ਵਿਭਾਗ ਦੇ ਅਧਿਕਾਰੀਆਂ ਦੀ ਬਦਲੀਆਂ ਇਨ੍ਹਾਂ ਕਾਰਜ ਖੇਤਰਾਂ ਦੇ ਅਧਾਰਿਤ ਹੋਣਗੀਆਂ। ਇਨ੍ਹਾਂ 3

ਕਾਰਜ਼ ਖੇਤਰਾਂ ਵਿੱਚ ਹੇਠ ਲਿਖੇ ਅਨੁਸਾਰ ਜ਼ਿਲ੍ਹਿਆਂ ਦੀ ਵੰਡ ਕੀਤੀ ਗਈ ਹੈ:-

| ਲੜੀ ਨੰ: | ਖੇਤਰ ਦਾ ਨਾਂ | ਖੇਤਰ ਅਧੀਨ ਆਉਂਦੇ ਜਿਲ੍ਹੇ | ਵਿਸ਼ੇਸ਼ ਕਥਨ |
|---|---|---|---|
| 1 | ਖੇਤਰ ਏ | 1. ਐਸ.ਏ.ਐਸ. ਨਗਰ<br>2. ਰੂਪਨਗਰ<br>3. ਐਸ.ਬੀ.ਐਸ. ਨਗਰ<br>4. ਲੁਧਿਆਣਾ<br>5. ਪਟਿਆਲਾ<br>6. ਫਤਿਹਗੜ੍ਹ ਸਾਹਿਬ<br>7. ਜਲੰਧਰ | ਇਨ੍ਹਾਂ ਜਿਲ੍ਹਿਆਂ ਵਿੱਚ ਸਭ ਤੋਂ ਵੱਧ ਤੈਨਾਤੀ ਦੀ ਮੰਗ ਹੈ ਅਤੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਸਟਾਫ ਦੀ ਕੋਈ ਘਾਟ ਨਹੀਂ ਹੈ। |
| 2 | ਖੇਤਰ ਬੀ | 1. ਸੰਗਰੂਰ<br>2. ਕਪੂਰਥਲਾ<br>3. ਬਰਨਾਲਾ<br>4. ਮੋਗਾ<br>5. ਹੁਸ਼ਿਆਰਪੁਰ<br>6. ਬਠਿੰਡਾ<br>7. ਫਰੀਦਕੋਟ<br>8. ਅੰਮ੍ਰਿਤਸਰ | ਇਨ੍ਹਾਂ ਜਿਲ੍ਹਿਆਂ ਵਿੱਚ ਤੈਨਾਤੀ ਦੀ ਮੰਗ ਥੋੜੀ ਘੱਟ ਹੈ ਅਤੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਸਟਾਫ ਦੀ ਥੋੜੀ ਘਾਟ ਹੈ। |
| 3 | ਖੇਤਰ ਸੀ | 1. ਮਾਨਸਾ<br>2. ਸ਼੍ਰੀ ਮੁਕਤਸਰ ਸਾਹਿਬ<br>3. ਫਿਰੋਜ਼ਪੁਰ<br>4. ਫਾਜ਼ਿਲਕਾ<br>5. ਗੁਰਦਾਸਪੁਰ<br>6. ਪਠਾਨਕੋਟ<br>7. ਤਰਨਤਾਰਨ | ਇਨ੍ਹਾਂ ਜਿਲ੍ਹਿਆਂ ਵਿੱਚ ਤੈਨਾਤੀ ਦੀ ਮੰਗ ਬਹੁਤ ਘੱਟ ਹੈ ਅਤੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਸਟਾਫ ਦੀ ਬਹੁਤ ਘਾਟ ਹੈ। |

5.0 ਅਸਾਮੀਆਂ

ਜਿਨ੍ਹਾਂ ਅਸਾਮੀਆਂ ਦੀਆਂ ਬਦਲੀਆਂ ਕੀਤੀਆਂ ਜਾਣੀਆਂ ਹਨ ਉਨ੍ਹਾਂ ਸਬੰਧੀ ਹਰ ਸਾਲ ਅਪ੍ਰੈਲ-ਮਈ ਦੇ ਮਹੀਨਿਆਂ ਵਿੱਚ ਸੂਚਿਤ ਕੀਤਾ ਜਾਵੇਗਾ।

ਇਨ੍ਹਾਂ ਅਸਾਮੀਆਂ ਵਿੱਚ ਵੱਖ ਵੱਖ ਕਾਡਰਾਂ ਦੀਆਂ ਅਪ੍ਰੈਲ ਦੇ ਮਹੀਨੇ ਵਿੱਚ ਖਾਲੀ ਪਈਆਂ ਤੈਨਾਤੀਆਂ ਵਾਲੀਆਂ ਥਾਵਾਂ ਵਿੱਚ ਉਸ ਸਾਲ ਜੂਨ ਮਹੀਨੇ ਦੀ ਪਹਿਲੀ ਤਾਰੀਖ ਨੂੰ ਖਾਲੀ ਮੰਨੀ ਜਾਣ ਵਾਲੀ ਤੈਨਾਤੀਆਂ ਵਾਲੀ ਥਾਂ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ। ਤੈਨਾਤੀ ਵਾਲੀ ਥਾਂ ਹੇਠ ਲਿਖੇ ਹਾਲਾਤਾਂ ਵਿੱਚ ਖਾਲੀ ਮੰਨੀ ਜਾਵੇਗੀ:-

5.1 ਨਿਗਰਾਨ ਇੰਜੀਨੀਅਰ

ੳ. ਜੇਕਰ ਅਧਿਕਾਰੀ ਦੀ ਇੱਕ ਸਰਕਲ ਵਿੱਚ ਲਗਾਤਾਰ ਤੈਨਾਤੀ 3 ਸਾਲ ਦੀ ਹੈ ਜਾਂ ਉਸ ਸਰਕਲ ਵਿੱਚ ਕੁਲ ਮਿਲਾ ਕੇ ਤੈਨਾਤੀ 5 ਸਾਲ ਮੁਕੰਮਲ ਹੋ ਚੁੱਕੀ ਹੈ, ਇਹ ਸਮਾਂ ਹਰ ਸਾਲ ਜੂਨ ਮਹੀਨੇ ਦੀ 1 ਤਾਰੀਖ ਤੱਕ ਗਿਣਿਆ ਜਾਵੇਗਾ।

ਅ. ਜੇਕਰ ਅਧਿਕਾਰੀ ਦੀ ਪਿਛਲੇ 10 ਸਾਲਾਂ ਵਿੱਚੋਂ 8 ਸਾਲ ਤੱਕ ਬਤੌਰ ਨਿਗਰਾਨ ਇੰਜੀਨੀਅਰ ਜਾਂ ਕਾਰਜਕਾਰੀ ਇੰਜੀਨੀਅਰ ਤੈਨਾਤੀ ਇਕ ਹੀ ਜ਼ਿਲ੍ਹੇ /ਖੇਤਰ ਵਿੱਚ ਰਹੀ ਹੈ, ਇਹ ਸਮਾਂ ਹਰ ਸਾਲ ਜੂਨ ਮਹੀਨੇ ਦੀ 1 ਤਾਰੀਖ ਤੱਕ ਗਿਣਿਆ ਜਾਵੇਗਾ।